ਨਵਾਂ ਜ਼ਮਾਨਾ, ਜਲੰਧਰ

ਬੁੱਧਵਾਰ | 6 ਸਤੰਬਰ, 2017

155

# ਬੇਲਾ ਕਾਲਜ ਦੀ ਹਰਪ੍ਰੀਤ ਬਣੀ ਮਿਸ ਤੀਜ



ਰੂਪਨਗਰ, (ਖੰਗੂੜਾ)

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੀਆਂ ਤਿੰਨ ਵਿਦਿਆਰਥਣਾਂ ਨੇ ਰੂਪਨਗਰ ਰੈੱਡ ਕਰਾਸ ਵੱਲੋਂ ਕਰਵਾਏ ਤੀਆਂ ਦੇ ਮੇਲੇ ਵਿਚ ਮਿਸ ਤੀਜ ਦਾ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਹ ਮੇਲਾ ਹਰ ਸਾਲ ਦੀ ਤਰ੍ਹਾਂ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਰੂਪਨਗਰ ਵੱਲੋਂ ਕਰਵਾਇਆ ਗਿਆ, ਜਿਸ ਵਿਚ ਬੇਲਾ ਕਾਲਜ ਦੀ ਬੀ.ਏ. ਸੈਕਿੰਡ ਦੀ ਵਿਦਿਆਰਥਣ ਹਰਪ੍ਰੀਤ ਕੌਰ ਮਿਸ ਤੀਜ ਚੁਣੀ ਗਈ। ਇਸੇ ਕਾਲਜ ਦੀ ਹਰਜੀਤ ਕੌਰ ਬੀ.ਏ. ਭਾਗ ਤੀਜਾ ਅਤੇ ਵਰਿੰਦਰਜੀਤ ਕੌਰ ਬੀ.ਏ. ਭਾਗ ਦੂਜਾ ਕ੍ਰਮਵਾਰ ਦੂਸਰੇ ਅਤੇ ਤੀਜੇ ਸਥਾਨ 'ਤੇ ਰਹੀਆਂ।

ਕਾਲਜ ਪਹੁੰਚਣ 'ਤੇ ਕਾਲਜ ਪ੍ਰਬੰਧਕ ਕਮੇਟੀ ਵੱਲੋਂ ਸ. ਦੇਵਿੰਦਰ ਸਿੰਘ ਜਟਾਣਾ ਸਕੱਤਰ, ਸੁਖਵਿੰਦਰ ਸਿੰਘ ਵਿਸਕੀ ਮੈਨੇਜਰ, ਸੁਰਮੁੱਖ ਸਿੰਘ ਪ੍ਰਿੰਸੀਪਲ, ਇੰਚਾਰਜ ਮੈਡਮ ਸੁਨੀਤਾ ਰਾਣੀ, ਪ੍ਰੋ. ਮਮਤਾ ਅਰੋੜਾ, ਡਾ. ਹਰਪ੍ਰੀਤ ਕੌਰ, ਪ੍ਰੋ. ਗੁਰਿੰਦਰ ਸਿੰਘ ਅਤੇ ਪ੍ਰੋ. ਤਰਨਜੀਤ ਕੌਰ ਨੇ ਜੇਤੂ ਵਿਦਿਆਰਥਣਾਂ ਦਾ ਸਵਾਗਤ ਕੀਤਾ।

6/9/17